# ਟੈਵਿਸ (TAVIS) ਕੀ ਹੈ?

- ਟੈਵਿਸ(TAVIS),ਦ **ਟੋਰੋਂਟੋ ਐਂਟੀ–ਵਾਇਲੈਂਸ ਇੰਟਰਵੈਨਸ਼ਨ ਸਟ੍ਰੈਟੇਜੀ ਹੈ,**ਜੋ ਕਿ ਅਜੀਹੀ ਤੀਬਰ ,ਹਿੰਸਾ ਨੂੰ ਘਟਾਉਣ ਅਤੇ ਕਮਯੂਨਿਟੀ ਨੂੰ ਗਤੀਸ਼ੀਲ ਕਰਨ ਵਾਲੀ ਕਾਰਜਨੀਤੀ ਹੈ ਜਿਸਦਾ ਇਰਾਦਾ ਸਾਡੇ ਆਂਢ ਗੁਆਂਢਾਂ ਵਿੱਚ ਜੁਰਮ ਨੂੰ ਘਟਾਉਣਾ ਅਤੇ ਸੁਰੱਖਿਆ ਵਿੱਚ ਵਾਧਾ ਕਰਨਾ ਹੈ।
- ਟੈਵਿਸ(TAVIS),ਦੀ ਅਗਵਾਈ ਟੋਰੋਂਟੋ ਪੁਲਿਸ ਸਰਵਿਸ ਕਰ ਰਹੀ ਹੈ।ਸਾਂਝੀਦਾਰਾਂ ਵਿੱਚ ਸ਼ਾਮਲ ਹਨ ਟੋਰੋਂਟੋ ਕਮਯੂਨਿਟੀ ਹਾਊਸਿੰਗ ਅਤੇ ਸਿਟੀ ਆਫ ਟੋਰੋਂਟੋ ਦੇ ਵਿਭਾਗ ਜਿਵੇਂ ਕਿ ਪਾਰਕਸ,ਫੌਰੈਸਟਰੀ ਐਂਡ ਰੇਕਰੀਏਸ਼ਨ,ਟੋਰੋਂਟੋ ਪਬਲਿਕ ਹੈਲਥ,ਸੋਸ਼ਲ ਡੇਵੇਲਪਮੈਂਟ,ਫਾਇਨੈਂਸ ਐਂਡ ਐਡਮਿਨਿਸਟਰੇਸ਼ਨ,ਟੋਰੋਂਟੋ ਆਫਿਸ ਆਫ ਪਾਰਟਨਰਸ਼ਿਪਸ ਅਤੇ ਹੋਰ ਕਈ ਵਿਭਾਗ।

## ਇਹ ਕਿਸ ਤਰ੍ਹਾਂ ਕੰਮ ਕਰਦਾ ਹੈ?

- ਟੈਵਿਸ(TAVIS) ਤਿੰਨ ਫੇਜਾਂ ਵਿੱਚ ਚਲੇਗਾ :
  1) ਹਿੰਸਕ ਗਤੀਵਿਧੀਆਂ ਵਿੱਚ ਵਾਧਾ ਅਨੁਭਵ ਕਰ ਰਹੇ ਖੇਤਰਾਂ ਵਿੱਚ ਟੋਰੋਂਟੋ ਪੁਲਿਸ ਸਰਵਿਸ ਦੇ ਵਾਧੂ ਅਫਸਰਾਂ ਨੂੰ ਤੈਨਾਤ ਕੀਤਾ ਜਾਂਦਾ ਹੈ ;
  2) ਆਂਢ ਗੁਆਂਢ ਸੁਰੱਖਿਅਤ ਹੋ ਜਾਣ ਤੋਂ ਬਾਦ,ਉਸ ਨੂੰ 'ਉਸੀ ਸਤਰ ਉੱਤੇ' ਲਾਗੂ ਰੱਖਣਾ ਪੁਲਿਸ, ਸਿਟੀ ਅਤੇ ਕਮਯੂਨਿਟੀ ਦੇ ਮੈਂਬਰਾਂ ਦੇ ਵਧੇਰੇ ਸੈਹਯੋਗ ਦੇ ਨਾਲ ਜਾਰੀ ਰਹੇਗਾ; ਅਤੇ

  (3) ਇੱਕ ਸਮਰੱਥਾ ਪਰਾਪਤ ਕਮਯੂਨਿਟੀ ਲਈ ਸਹਾਰੇ ਦੀ ਤਰ੍ਹਾਂ 'ਸਧਾਰਨ' ਸਤਰ ਦੀ ਪੁਲਿਸ ਸੇਵਾ ਦਾ ਪਰਬੰਧ ਕਰਨਾ।

- ਕਮਯੂਨਿਟੀ ਦੇ ਮੈਂਬਰਾਂ ਦੇ ਨਾਲ ਰੁਝੇਵਾਂ ਟੈਵਿਸ(TAVIS) ਦਾ ਇੱਕ ਅਵੱਸ਼ਕ ਹਿੱਸਾ ਹੈ। ਇਹ ਜੁਰਮ ਦੇ ਮੁਢਲੇ ਕਾਰਨਾਂ ਦੇ ਨਾਲ ਹੋਰ ਜਿਆਦਾ ਪਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਜਰੂਰੀ ਸਹਾਰਾ ਦੇਣ ਵਾਲਾ ਸਿਸਟਮ ਬਣ ਜਾਂਦਾ ਹੈ।

- ਟੈਵਿਸ(TAVIS) ਦੀ ਕਾਮਯਾਬੀ ਹਿਰਾਸਤ ਵਿੱਚ ਲਏ ਗਏ ਲੋਕਾਂ ਦੀ ਗਿਣਤੀ ਉੱਤੇ ਨਹੀਂ ਬਲਕਿ ਜੁਰਮ ਵਿੱਚ ਕਮੀ,ਜਨਤਾ ਦੇ ਭਰੋਸੇ ਅਤੇ ਵਿਸ਼ਵਾਸ ਵਿੱਚ ਵਾਧੇ,ਅਤੇ ਜੁਰਮ ਨਾਲ ਸਭ ਤੋਂ ਜਿਆਦਾ ਪਰਭਾਵਤ ਕਮਯੂਨਿਟੀਆਂ ਵਿੱਚ ਰਿਸ਼ਤਿਆਂ ਦੇ ਨਿਰਮਾਣ ਉੱਤੇ ਅਧਾਰਤ ਹੈ।

## ਕੀ ਮੈਂ ਟੈਵਿਸ (TAVIS) ਅਫਸਰਾਂ ਨੂੰ ਆਪਣੇ ਆਂਢ ਗੁਆਂਢ ਵਿੱਚ ਦੇਖਾਂਗਾਂ/ਗੀ?

- ਟੈਵਿਸ(TAVIS)ਸ਼ਹਿਰ ਭਰ ਵਿੱਚ ਚਲੱਣ ਵਾਲੀ ਕਾਰਜਨੀਤੀ ਹੈ ਅਤੇ ਟੈਵਿਸ(TAVIS) ਵਿੱਚ ਤੈਨਾਤ ਕੀਤੇ ਗਏ ਅਫਸਰ ਹਿੰਸਕ ਅਪਰਾਧਸ਼ੀਲ ਗਤੀਵਿਧੀ ਵਿੱਚ ਵਾਧੇ ਦਾ ਅਨੁਭਵ ਕਰ ਰਹੇ ਟੋਰੋਂਟੋ ਦੇ ਕਿਸੇ ਵੀ ਆਂਢ ਗੁਆਂਢ ਵਿੱਚ ਮੌਜੂਦ ਮਿਲਣਗੇ।

## ਨੇਬਰਹੁੱਡ ਟੈਵਿਸ (TAVIS) ਇਨੀਸ਼ੀਏਟਿਵ ਕੀ ਹੈ ?

- ਇਹ ਤੀਸਰਾ ਸਾਲ ਹੈ,ਜਦੋਂ ਕਿ ਗਰਮੀ ਦੇ ਮਹੀਨਿਆਂ ਵਿੱਚ,ਹਿੰਸਾ ਦੇ ਵੱਧੇ ਹੋਏ ਸਤਰ ਦਾ ਅਨੁਭਵ ਕਰ ਰਹੇ ਆਂਢ ਗੁਆਂਢਾਂ ਵਿੱਚ ਵਾਧੂ ਅਫਸਰਾਂ ਨੂੰ ਤੈਨਾਤ ਕੀਤਾ ਜਾਏਗਾ। ਇਸ ਗਰਮੀ ਵਿੱਚ,23 ਡੀਵਿਜਨ ਦੇ ਐਲਬੀਅਨ-ਫਿੰਚ ਖੇਤਰ,31 ਡੀਵਿਜਨ ਦੇ ਜੇਨ-ਫਿੰਚ ਖੇਤਰ ਅਤੇ 43 ਡੀਵਿਜਨ ਦੇ ਸਕਾਰਬਰੋ ਖੇਤਰ ਨੂੰ ਚੁਣਿਆ ਗਿਆ ਹੈ।

- ਇੰਨ੍ਹਾਂ ਆਂਢ ਗੁਆਂਢਾਂ ਨੂੰ ਜੁਰਮ ਦੇ ਰੁਝਾਨ ਦੀ ਛਾਣਬੀਣ,ਸ਼ਹਿਰ ਵਿੱਚ ਹੋਣ ਵਾਲੀਆਂ ਵਾਰਦਾਤਾਂ ਨੂੰ ਨਕਸ਼ੇ ਉੱਤੇ ਉਲੀਕੇ ਜਾਣ ਅਤੇ ਕਮਯੂਨਿਟੀ ਦੇ ਮਸ਼ਵਰੇ ਦੀ ਵਰਤੋਂ ਕਰਕੇ ਚੁਣਿਆ ਗਿਆ। ਇੰਨ੍ਹਾਂ ਖੇਤਰਾਂ ਨੂੰ ਇਸ ਕਰਕੇ ਚੁਣਿਆ ਗਿਆ ਕਿਉਂਕਿ ਉਹ ਆਪਣੇ ਸਾਈਜ ਦੇ ਨਾਲ ਬੇਮੇਲ ਸਤਰ ਦੀ ਅਪਰਾਧਸ਼ੀਲ ਗਤੀਵਿਧੀ ਸੈਹਣ ਕਰ ਰਹੇ ਹਨ।

**ਟੈਵਿਸ (TAVIS) ਬਾਰੇ ਹੋਰ ਜਾਣਨ ਲਈ ਟੋਰੋਂਟੋ ਪੁਲਿਸ ਸਰਵਿਸ ਦੇ ਕਿਸੇ ਵੀ ਪੁਲਿਸ ਸਟੇਸ਼ਨ ਨਾਲ 416-808-2222 ਉਤੇ ਸੰਪਰਕ ਕਰੋ, ਜਾਂ**

ਸਾਰਜੈਂਟ ਜੈਫ ਪੀਅਰਸਨ, ਟੋਰੋਂਟੋ ਪੁਲਿਸ ਸਰਵਿਸ ਟੈਵਿਸ(TAVIS) ਕੋਆਰਡੀਨੇਟਰ, 416-808-7736 ਉਤੇ
ਬਰੈਨਡਨ ਨੋਲਨ, ਸਿਟੀ ਆਫ ਟੋਰੋਂਟੋ, ਸੋਸ਼ਲ ਡੇਵੇਲਪਮੈਂਟ,ਫਾਇਨੈਂਸ ਐਂਡ ਐਡਮਿਨਿਸਟਰੇਸ਼ਨ , 416-392-5398 ਉਤੇ
ਜੈਫ ਫੇਰੀਅਰ,ਟੋਰੋਂਟੋ ਕਮਯੂਨਿਟੀ ਹਾਊਸਿੰਗ ,416-981-4252 ਉਤੇ

*Punjabi translated version*